# ਕੀਟਨਾਸ਼ਕ ਸੁਰੱਖਿਆ ਜਾਣਕਾਰੀ

dpr

ਕੈਲੀਫ਼ੋਰਨੀਆ ਦੇ ਵਾਤਾਵਰਣ ਦੀ ਸੁਰੱਖਿਆ ਬਾਰੇ ਏਜੰਸੀ

N No. 4

## ਮੁੱਢਲੀ ਡਾਕਟਰੀ ਸਹਾਇਤਾ (ਫਸਟ ਏਡ) — ਮੈਂ ਕਿਸੇ ਐਮਰਜੈਂਸੀ (ਫੌਰੀ ਜ਼ਰੂਰਤ ਪੈਣੀ) ਲਈ ਕਿਸ ਤਰ੍ਹਾਂ ਤਿਆਰੀ ਕਰਾਂ ?

**ਜੇ ਤੁਸੀਂ ਕੀਟਨਾਸ਼ਕਾਂ ਨੂੰ ਇਸਤੇਮਾਲ ਕਰਦੇ ਹੋ, ਤਾਂ ਤੁਹਾਡੇ ਮਾਲਿਕ ਨੂੰ ਐਮਰਜੈਂਸੀ ਦੀ ਸਥਿੱਤੀ ਲਈ, ਆਪਣੇ ਵਰਕਰਾਂ ਲਈ ਪਹਿਲਾਂ ਤੋਂ ਹੀ ਮੈਡੀਕਲ ਦੇਖਭਾਲ ਦਾ ਪ੍ਰਬੰਧ ਕਰਕੇ ਰੱਖਣਾ ਜ਼ਰੂਰੀ ਹੈ।** ਤੁਹਾਨੂੰ ਉਸ ਕਲੀਨਿਕ ਜਾਂ ਹਸਪਤਾਲ ਦਾ ਨਾਂ ਪਤਾ ਹੋਣਾ ਚਾਹੀਦਾ ਹੈ ਅਤੇ ਇਹ ਵੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਉਹ ਕਿੱਥੇ ਹੈ। ਜੇ ਤੁਹਾਨੂੰ ਪਤਾ ਨਹੀਂ ਤਾਂ ਕੋਈ ਐਮਰਜੈਂਸੀ ਹੋਣ ਤੋਂ ਪਹਿਲਾਂ ਤੁਸੀਂ ਆਪਣੇ ਮਾਲਿਕ ਤੋਂ ਪੁੱਛੋ। ਬੀਮਾਰ ਜਾਂ ਜਖ਼ਮੀ ਵਿਅਕਤੀਆਂ ਨੂੰ ਆਪਣੇ ਆਪ ਡਰਾਈਵ ਕਰਕੇ ਡਾਕਟਰ ਕੋਲ ਕਦੀ ਨਾ ਜਾਣ ਦਿਉ। ਸੜਕ ਤੇ ਉਨ੍ਹਾਂ ਨਾਲ ਕੋਈ ਹਾਦਸਾ ਵਾਪਰ ਸਕਦਾ ਹੈ।




## ਜੇ ਕੀਟਨਾਸ਼ਕਾਂ ਦਾ ਇਸਤੇਮਾਲ ਕਰਦਿਆਂ ਕੋਈ ਬੇਹੋਸ਼ ਹੋ ਜਾਏ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

- ਤੁਸੀਂ ਆਪਣੇ ਆਪ ਨੂੰ ਜਖ਼ਮੀ ਹੋਣ ਤੋਂ ਬਚਾਂਦੇ ਹੋਏ, ਤਾਂ ਉਸ ਵਿਅਕਤੀ ਨੂੰ ਕੀਟਨਾਸ਼ਕਾਂ ਤੋਂ ਦੂਰ ਲੈ ਜਾਉ। ਯਾਦ ਰੱਖੋ ਕਿ ਬਿਮਾਰ ਵਿਅਕਤੀ ਤੇ ਕੀਟਨਾਸ਼ਕ ਪਏ ਹੋ ਸਕਦੇ ਹਨ, ਜੋ ਤੁਹਾਡੇ ਉਪਰ ਵੀ ਆ ਸਕਦੇ ਹਨ।
- ਜੇ ਤੁਹਾਡੇ ਕੋਲ ਫੋਨ ਹੈ ਤਾਂ ਫੌਰਨ ਫ਼ੋਨ ਕਰਕੇ ਸਹਾਇਤਾ ਮੰਗੋ ਅਤੇ 911 ’ਤੇ ਕਾਲ ਕਰੋ।
- ਕੀਟਨਾਸ਼ਕਾਂ ਨੂੰ ਉਸ ਵਿਅਕਤੀ ਦੇ ਸਰੀਰ ਅੰਦਰ ਜਾਣ ਜਾਂ ਉਪਰ ਡੁੱਲ੍ਹਣ ਤੋਂ ਰੋਕਣ ਦੀ ਕੋਸ਼ਿਸ਼ ਕਰੋ। ਇਹ ਕਿਸ ਤਰ੍ਹਾਂ ਕਰਨਾ ਹੈ, ਬਾਅਦ ਵਿੱਚ ਇਸ ਇਸਤਿਹਾਰ ਤੋਂ ਵੇਖ ਸਕਦੇ ਹੋ।
- ਜੇ ਵਿਅਕਤੀ ਸਾਹ ਨਹੀਂ ਲੈ ਰਿਹਾ ਅਤੇ ਤੁਸੀਂ ਜਾਣਦੇ ਹੋ, ਤਾਂ ਉਸਨੂੰ ਇਕ CPR (cardiopulmonary resuscitation) ਦਿਉ। ਰਾਹਤ ਟੀਮ ਪਹੁੰਚੇਗੀ ਤਾਂ CPR ਦਾ ਕੰਮ ਸੰਭਾਲ ਲਏਗੀ।

**ਯਾਦ ਰੱਖੋ:** ਰਾਹਤ ਵਰਕਰਾਂ ਨੂੰ ਕੀਟਨਾਸ਼ਕਾਂ ਬਾਰੇ ਦੱਸੋ। ਯਾਦ ਰੱਖੋ ਕਿ ਹੋ ਸਕਦਾ ਹੈ ਕਿ ਸਮੱਸਿਆ ਕੀਟਨਾਸ਼ਕਾਂ ਦੀ ਨਾ ਹੋਵੇ। ਮਿਸਾਲ ਦੇ ਤੌਰ ਤੇ ਇਹ ਦਿਲ ਦਾ ਦੌਰਾ ਵੀ ਹੋ ਸਕਦਾ ਹੈ।

## ਜੇ ਕੋਈ ਵਿਅਕਤੀ ਕੀਟਨਾਸ਼ਕ ਅੰਦਰ ਲੰਘਾ ਲਏ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

- ਫੌਰਨ ਸਹਾਇਤਾ ਲਉ। ਜੇ ਤੁਹਾਡੇ ਕੋਲ ਫੋਨ ਹੈ ਤਾਂ 911 ’ਤੇ ਕਾਲ ਕਰਕੇ ਫੌਰਨ ਸਹਾਇਤਾ ਮੰਗੋ ਜਾਂ ਕੈਲੀਫ਼ੋਰਨੀਆ ਦੇ ਜ਼ਹਿਰ ਕੰਟਰੋਲ ਕਰਨ ਵਾਲੇ ਸੈਂਟਰ (**California Poison Control Center**) ਦੇ ਮੁਫ਼ਤ ਕਾਲ ਨੰਬਰ **1-800-222-1222** ਤੇ ਕਾਲ ਕਰੋ।
- ਜੇ ਉਹ ਵਿਅਕਤੀ ਜ਼ਹਿਰ ਦੇ ਅਸਰ ਹੇਠ ਗੁੰਮ ਸੁੰਮ ਹੈ ਜਾਂ ਬੇਹੋਸ਼ ਹੈ ਅਤੇ ਤੁਹਾਡੇ ਕੋਲ ਫ਼ੋਨ ਨਹੀਂ ਹੈ, ਤਾਂ **ਫੌਰਨ ਡਾਕਟਰ ਕੋਲ ਜਾਂ ਹਸਪਤਾਲ ਲੈ ਜਾਉ।**



ਉਸ ਨੂੰ ਖਾਣ, ਪੀਣ ਲਈ ਕੋਈ ਚੀਜ਼ **ਨਾ** ਦਿਉ ਅਤੇ ਨਾ ਹੀ ਉਲਟੀ ਕਰਵਾਉਣ ਦੀ ਕੋਸ਼ਿਸ **ਕਰੋ**।

- ਜੇ ਵਿਅਕਤੀ ਹੋਸ਼ ਵਿੱਚ ਹੈ ਅਤੇ ਸਾਵਧਾਨ ਹੈ, ਤਾਂ ਕੀਟਨਾਸ਼ਕ ਦਾ ਲੇਬਲ ਵੇਖੋ ਇਹ ਤੁਹਾਨੂੰ ਦੱਸੇਗਾ ਕਿ ਕਿਹੜੀ ਚੀਜ਼ ਸਹਾਇਕ ਹੋਵੇਗੀ ਤੇ ਕਿਹੜੀ ਨਹੀਂ। ਮਿਸਾਲ ਦੇ ਤੌਰ ਤੇ, ਵਿਅਕਤੀ ਨੂੰ ਉਲਟੀ ਕਰਵਾਉਣ ਦੀ ਕੋਸ਼ਿਸ ਕਰਨੀ, ਜਾਂ ਉਸਨੂੰ ਪੀਣ ਲਈ ਪਾਣੀ ਜਾਂ ਦੁੱਧ ਦੇਣਾ ਸਹਾਇਤਾ ਕਰ ਸਕਦਾ ਹੈ ਜਾਂ ਖ਼ਤਰਨਾਕ ਹੋ ਸਕਦਾ ਹੈ, ਇਹ ਕੀਟਨਾਸ਼ਕ ਤੇ ਨਿਰਭਰ ਕਰਦਾ ਹੈ। ਕਿਸੇ ਵਿਅਕਤੀ ਨੂੰ ਉਲਟੀ ਕਰਵਾਉਣ ਲਈ ਲੂਣ ਵਾਲਾ ਪਾਣੀ ਜਾਂ ਮਸਟਰਡ ਕਦੀ ਨਾ ਦਿਉ। ਕਈ ਪੁਰਾਣੇ ਲੇਬਲਾਂ ਤੇ ਇਹ ਦੇਣ ਦੀ ਸਿਫ਼ਾਰਸ਼ ਅਜੇ ਵੀ ਕੀਤੀ ਗਈ ਹੋਵੇਗੀ ਪਰ ਇਹ ਚੀਜ਼ ਸੁਰੱਖਿਅਤ ਨਹੀਂ।




## ਜੇ ਮੈਂ ਕੀਟਨਾਸ਼ਕਾਂ ਤੋਂ ਬੀਮਾਰ ਹੋ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

ਜੇ ਤੁਹਾਡੇ ਕੋਲ ਕੀਟਨਾਸ਼ਕ ਦਾ ਲੇਬਲ ਹੈ, ਤਾਂ ਵੇਖੋ ਲੇਬਲ ਫਸਡ ਏਡ (ਮੁਢਲੀ ਡਾਕਟਰੀ ਸਹਾਇਤਾ) ਬਾਰੇ ਕੀ ਦੱਸਦਾ ਹੈ।

- ਕੰਮ ਕਰਨਾ **ਫੌਰਨ** ਬੰਦ ਕਰ ਦਿਉ ਅਤੇ ਉਥੋਂ ਚਲੇ ਜਾਉ। ਤੁਹਾਨੂੰ ਕੀਟਨਾਸ਼ਕਾਂ ਨਾਲ ਫੌਰਨ ਕੰਮ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਆਪਣੇ ਸਰੀਰ ਵਿੱਚ ਹੋਰ ਕੀਟਨਾਸਕ ਜਾਣ ਤੋਂ ਰੋਕਣਾ ਚਾਹੀਦਾ ਹੈ। ਇਹ ਕਿਸ ਤਰ੍ਹਾਂ ਕਰਨਾ ਹੈ ਇਸ ਬਾਰੇ ਜਾਣਨ ਲਈ ਹੇਠਾਂ ਪੜ੍ਹੋ।
- **ਸਹਾਇਤਾ ਲਉ।** ਆਪਣੇ ਕੰਮ ਵਾਲੀ ਥਾਂ ਤੇ ਕਿਸੇ ਨੂੰ ਦੱਸੋ ਕਿ ਕੀ ਵਾਪਰਿਆ ਹੈ।
- ਡਾਕਟਰ ਕੋਲ ਜਾਂ ਹਸਪਤਾਲ ਲਿਜਾਣ ਲਈ ਆਪਣੇ ਮਾਲਿਕ ਨੂੰ ਕਹੋ। **ਆਪਣੇ ਆਪ ਨਾ ਜਾਉ।**

## ਮੇਰੇ ਸਰੀਰ ਅੰਦਰ ਕੀਟਨਾਸ਼ਕ ਕਿਵੇਂ ਦਾਖ਼ਲ ਹੋ ਸਕਦੇ ਹਨ ?

### ਇਸਦੇ ਚਾਰ ਤਰੀਕੇ ਹਨ:

1. ਸਾਹ ਰਾਹੀਂ ਧੂੜ, ਧੁੰਦ ਜਾਂ ਹਵਾੜ ਲੈਣ ਨਾਲ।
2. ਤੁਹਾਡੀ ਚਮੜੀ ਤੇ ਡੁੱਲ੍ਹ ਜਾਣ ਨਾਲ।
3. ਤੁਹਾਡੀਆਂ ਅੱਖਾਂ ਵਿੱਚ ਪੈ ਜਾਣ ਨਾਲ।
4. ਕੀਟਨਾਸ਼ਕ ਦੇ ਅੰਦਰ ਲੰਘਾ ਲੈਣ ਨਾਲ।

### ਕਿਸੇ ਵਿਅਕਤੀ ਨੂੰ ਕੀਟਨਾਸ਼ਕਾਂ ਨੂੰ ਸਾਹ ਅੰਦਰ ਲੈਣ ਤੋਂ ਰੋਕਣ ਲਈ:

ਬੀਮਾਰ ਵਿਅਕਤੀ ਨੂੰ ਉਸ ਜਗਹ ਤੇ ਲੈ ਜਾਉ ਜਿੱਥੇ ਹਵਾ ਸਾਫ਼ ਹੋਵੇ, ਘੱਟੋ ਘੱਟ 100 ਫੁੱਟ ਦੂਰ ਲੈ ਜਾਉ। ਜੇ ਉਥੇ ਹਵਾ ਹੋਏ ਤਾਂ ਯਕੀਨੀ ਬਣਾਉ, ਕਿ ਹਵਾ ਦਾ ਰੁੱਖ ਕੀਟਨਾਸ਼ਕਾਂ ਤੋਂ ਤੁਹਾਡੇ ਵਾਲੇ ਪਾਸੇ ਦਾ ਨਾ ਹੋਵੇ।




### ਤੁਹਾਡੀ ਚਮੜੀ ਜਾਂ ਤਵੱਚਾ ਤੇ ਕੀਟਨਾਸ਼ਕ—

ਬਹੁਤੀ ਵਾਰ ਕੀਟਨਾਸ਼ਕ ਤੁਹਾਡੇ ਸਰੀਰ ਵਿੱਚ ਤੁਹਾਡੀ ਚਮੜੀ ਰਾਹੀਂ ਦਾਖ਼ਿਲ ਹੁੰਦੇ ਹਨ। ਕੁਝ ਕੀਟਨਾਸ਼ਕ ਤੁਹਾਡੀ ਚਮੜੀ ਤੋਂ ਬੜੀ ਤੇਜ਼ੀ ਨਾਲ ਜਾਂਦੇ ਹਨ, ਕੁਝ ਹੌਲੀ ਹੌਲੀ ਜਾਂਦੇ ਹਨ। ਬਹੁਤੇ ਕੀਟਨਾਸ਼ਕ ਤੁਹਾਡੇ ਕੱਪੜਿਆਂ ਰਾਹੀਂ ਚਲੇ ਜਾਂਦੇ ਹਨ, ਭਾਵੇਂ ਉਹ ਵਾਟਰ ਪਰੂਫ਼ ਹੋਣ। ਇਸ ਲਈ ਇਹ ਜ਼ਰੂਰੀ ਹੈ ਕਿ ਆਪਣੀ ਚਮੜੀ ਜਾਂ ਕੱਪੜਿਆਂ ਤੇ ਪਏ ਹੋਏ ਕੀਟਨਾਸ਼ਕ ਤੋਂ ਜਲਦੀ ਤੋਂ ਜਲਦੀ ਛੁਟਕਾਰਾ ਪਾਇਆ ਜਾਏ।

### ਆਪਣੀ ਚਮੜੀ ਤੋਂ ਕੀਟਨਾਸ਼ਕਾਂ ਨੂੰ ਸਾਫ਼ ਰੱਖਣਾ:

- ਜਿਨ੍ਹਾਂ ਕਪੜਿਆਂ ਤੇ ਕੀਟਨਾਸ਼ਕ ਹੈ, ਉਹ ਸਾਰੇ ਕਪੜੇ ਲਾਹ ਦਿਉ।
- ਸਾਬਣ ਲਾਕੇ ਸ਼ਾਵਰ ਹੇਠਾਂ ਨਹਾਉ ਅਤੇ ਆਪਣੇ ਨਹੁੰਆਂ ਨੂੰ ਸਾਫ਼ ਕਰੋ। ਜੇ ਤੁਹਾਡੇ ਕੋਲ ਸਾਬਣ ਜਾਂ ਸ਼ਾਵਰ ਨਹੀਂ, ਤਾਂ ਕੋਈ ਵੀ ਸਾਫ਼ ਪਾਣੀ ਵਰਤੋ।
- ਆਪਣੇ ਵਾਲ ਧੋਵੋ।
- ਸਿਰਫ਼ ਸਾਫ਼ ਕਪੜੇ ਪਾਉ। ਜਿਨ੍ਹਾਂ ਤੇ ਕੀਟਨਾਸ਼ਕ ਡੁੱਲ੍ਹਾ ਹੈ, ਉਨ੍ਹਾਂ ਨੂੰ ਮੁੜ ਕੇ ਨਾ ਪਾਉ। ਜੇ ਉਹ ਕਪੜੇ ਫਿਰ ਪਾ ਲੈਂਦੇ ਹੋ, ਤਾਂ ਕੀਟਨਾਸ਼ਕ ਤੁਹਾਡੇ ਸਰੀਰ ਅੰਦਰ ਚਲੇ ਜਾਣਗੇ।

ਜਿਨ੍ਹਾਂ ਕਪੜਿਆਂ ਤੇ ਕੀਟਨਾਸ਼ਕ ਪਿਆ ਹੋਇਆ ਹੈ, ਉਨ੍ਹਾਂ ਨੂੰ ਵਖਰਿਆਂ ਧੋਵੋ ’ਤੇ ਮੁੜ ਪਾਣ ਤੋਂ ਪਹਿਲਾਂ ਪੂਰੀ ਤਰ੍ਹਾਂ ਸਾਫ਼ ਕਰਨਾ ਯਾਦ ਰੱਖੋ। ਸੁਰੱਖਿਅਤ ਤਰੀਕੇ ਨਾਲ ਇਹ ਕਪੜੇ ਕਿਸ ਤਰ੍ਹਾਂ ਧੋਣੇ ਹਨ, ਇਸ ਬਾਰੇ ਜਾਣਨ ਲਈ ਆਪਣੇ ਮਾਲਿਕ ਨੂੰ ਇਕ N-7 ਸੁਰੱਖਿਆ ਲੀਫ਼ਲੈਟ (ਪਰਚੇ) ਦੀ ਕਾਪੀ ਲਈ ਕਹੋ।




### ਆਪਣੀਆਂ ਅੱਖਾਂ ਵਿੱਚੋਂ ਕੀਟਨਾਸ਼ਕਾਂ ਨੂੰ ਕੱਢਣਾ:

- ਅੱਖਾਂ ਨੂੰ ਬਹੁਤ ਸਾਰੇ ਪਾਣੀ ਨਾਲ ਸਾਫ਼ ਕਰੋ। ਘੱਟੋ ਘੱਟ 15 ਮਿੰਟ ਲਈ ਪਾਣੀ ਨਾਲ ਸਾਫ਼ ਕਰਦੇ ਰਹੋ। ਸ਼ਾਵਰ ਹੇਠਾਂ ਧੋਣਾ ਠੀਕ ਹੈ, ਪਰ ਇਕ ਤੇਜ਼ ਫੁਹਾਰ ਤੋਂ **ਬਚੋ।**
- ਨਹੀਂ ਤਾਂ ਆਪਣੀਆਂ ਅੱਖਾਂ ਤੇ ਪਾਣੀ ਪਾਉ ਜਾਂ ਟੂਟੀ ਤੋਂ ਘੱਟ ਫੁਹਾਰ ਵਹਾਅ ਵਾਲੇ ਪਾਣੀ ਦੇ ਛੱਟੇ ਮਾਰੋ।
- ਅੱਖਾਂ ਧੋਦਿਆਂ, ਉਨ੍ਹਾਂ ਨੂੰ ਝਪਕੋ।
- ਕਿਸੇ ਦੀਆਂ ਅੱਖਾਂ ਜ਼ਬਰਦਸਤੀ **ਕਦੀ ਨਾ** ਖੋਲੋ।

## ਮੈਨੂੰ ਡਾਕਟਰ ਨੂੰ ਕਿਸੇ ਚੀਜ਼ ਬਾਰੇ ਕੀ ਦੱਸਣ ਦੀ ਜ਼ਰੂਰਤ ਹੈ ?

ਡਾਕਟਰ ਜਾਂ ਨਰਸ ਨੂੰ ਇਹ ਬਿਲਕੁਲ ਠੀਕ ਤਰ੍ਹਾਂ ਦੱਸਣ ਲਈ ਤਿਆਰ ਰਹੋ ਕਿ ਕੀਟਨਾਸ਼ਕ ਨਾਲ ਕੋਈ ਕਿਸ ਤਰ੍ਹਾਂ ਬੀਮਾਰ ਹੋਇਆ ਹੈ। ਡਾਕਟਰ ਜਾਂ ਨਰਸ ਨੂੰ ਦੱਸੋ ਕਿ ਉਹ ਵਿਅਕਤੀ ਸ਼ਾਇਦ ਕੀਟਨਾਸ਼ਕਾਂ ਤੋਂ ਬੀਮਾਰ ਹੋਇਆ ਹੈ, ਤਾਂ ਜੋ ਉਹ ਆਪਣੀ ਸੁਰੱਖਿਆ ਕਰ ਸਕਣ। ਜੇ ਤੁਸੀਂ ਜਾਣਦੇ ਹੋਵੋ, ਤਾਂ ਬੀਮਾਰ ਵਿਅਕਤੀ ਦੀ ਉਮਰ ਡਾਕਟਰ ਨੂੰ ਦੱਸੋ ਅਤੇ ਇਹ ਵੀ ਦੱਸੋ ਕਿ ਉਸ ਤੇ ਇਹ ਅਸਰ ਪਾਣ ਵਾਲਾ ਕੀਟਨਾਸ਼ਕ ਕਿਹੜਾ ਸੀ। ਕੀਟਨਾਸ਼ਕ ਬਾਰੇ ਸਾਰੀ ਜਾਣਕਾਰੀ ਲੈਕੇ ਆਉ. ਲੇਬਲ ਜਾਂ ਲੇਬਰ ਤੋਂ ਕੀਟਨਾਸ਼ਕ ਦਾ ਨਾਂਅ, ਉਸ ਦੇ ਸਰਗਰਮ ਤੱਤ ਅਤੇ ਈ ਪੀ ਏ (EPA) ਰਜਿਸਟਰੇਸ਼ਨ ਨੰਬਰ ਨਾਲ ਲਿਆਉ ਤਾਂ ਜੋ ਡਾਕਟਰ ਸਭ ਕੁਝ ਵੇਖ ਸਕੇ। ਜੇ ਤੁਸੀਂ ਇਹ ਨਹੀਂ ਕਰ ਸਕਦੇ, ਤਾਂ ਕੀਟਨਾਸ਼ਕ ਦੇ ਖਾਲੀ ਕੰਟੇਨਰ ਨੂੰ ਲੈ ਆਉ (ਜਿਸ ਤੇ ਉਸਦਾ ਲੇਬਲ ਅੱਜ ਵੀ ਲਗਾ ਹੋਵੇ) ਜਾਂ ਇਕ ਅਣਵਰਤਿਆ ਨਵਾਂ ਸੀਲਬੰਦ ਕੰਟੇਨਰ ਨਾਲ ਲੈਕੇ ਆਉ।

ਜੇ ਕੰਮ ਤੇ ਕੋਈ ਬੀਮਾਰ ਜਾਂ ਜਖ਼ਮੀ ਹੁੰਦਾ ਹੈ, ਤਾਂ **ਹਮੇਸ਼ਾਂ** ਆਪਣੇ ਮਾਲਿਕ ਨੂੰ ਦੱਸੋ।




*ਜੇ ਤੁਹਾਨੂੰ ਉਹ ਸਾਰੀ ਜਾਣਕਾਰੀ ਜੋ ਤੁਹਾਨੂੰ ਟਰੇਨਿੰਗ ਵਿੱਚ ਚਾਹੀਦੀ ਹੈ, ਨਹੀਂ ਮਿਲਦੀ ਤਾਂ ਤੁਹਾਨੂੰ ਕਾਉਂਟੀ ਦੇ ਖੇਤੀਬਾੜੀ ਕਮਿਸ਼ਨਰ ਜਾਂ ਕੀਟਨਾਸ਼ਕਾਂ ਦੇ ਨਿਯਮਾਂ ਬਾਰੇ ਵਿਭਾਗ (DPR) ਨੂੰ ਫੋਨ ਕਰਨਾ ਚਾਹੀਦਾ ਹੈ। ਤੁਸੀਂ ਕਮਿਸ਼ਨਰ ਦਾ ਨੰਬਰ ਆਪਣੀ ਚਿੱਟੇ ਪੰਨਿਆ ਵਾਲੀ ਸਥਾਨਕ ਡਾਇਰੈਕਟਰੀ 1-87PestLine ਤੋਂ ਲੈ ਸਕਦੇ ਹੋ ਜਾਂ*

**http://www.cdfa.ca.gov/exec/county/countymap/**

**DPR ਦੇ ਖੇਤਰੀ ਦਫ਼ਤਰ ਹਨ:**

- **ਨਾਰਦਰਨ (ਵੈਸਟ ਸੈਕਰਾਮੈਂਟੋ) 916/376-8960**
- **ਸੈਂਟਰਲ (ਫ੍ਰੈਸਨੋ) 559/297-3511**
- **ਸਦਰਨ (ਐਨਾਹਾਈਮ) 714/279-7690**

**ਕੀਟਨਾਸ਼ਕ ਬਾਰੇ ਸ਼ਿਕਾਇਤ ?**

**1-87PestLine**

**ਜਾਣਕਾਰੀ ਲਾਈਨ**

**1-877-378-5463**